# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਅਧਿਕਾਰ

## ਉਮਰ ਕਰਕੇ ਵਿਤਕਰਾ

ਬ੍ਰਿਟਿਸ਼ ਕੋਲੰਬੀਆ ਦਾ *ਹਿਊਮਨ ਰਾਈਟਸ ਕੋਡ*, 19 ਸਾਲ ਅਤੇ ਜ਼ਿਆਦਾ ਉਮਰ ਦੇ ਲੋਕਾਂ ਦੀ ਆਪਣੀ ਉਮਰ ਕਾਰਨ ਵੱਖਰੀ ਤਰ੍ਹਾਂ ਦਾ ਅਤੇ ਮਾੜਾ ਵਰਤਾਉ ਕੀਤੇ ਜਾਣ ਤੋਂ ਰੱਖਿਆ ਕਰਦਾ ਹੈ।

ਇਕ ਦੂਜੇ ਦੇ ਮਨੁੱਖੀ ਅਧਿਕਾਰਾਂ ਦਾ ਆਦਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। *ਬੀ.ਸੀ. ਹਿਊਮਨ ਰਾਈਟਸ ਕੋਡ* (*ਕੋਡ*) ਇਕ ਮਹੱਤਵਪੂਰਨ ਕਾਨੂੰਨ ਹੈ ਜੋ ਕਿ ਲੋਕਾਂ ਦੀ ਵਿਤਕਰੇ ਤੋਂ ਰੱਖਿਆ ਕਰਦਾ ਹੈ, ਜਿਸ ਵਿਚ ਪਰੇਸ਼ਾਨੀ ਤੋਂ ਹਿਫਾਜ਼ਤ ਵੀ ਸ਼ਾਮਲ ਹੈ। ਇਹ ਕੋਡ ਕਿਸੇ ਵਿਅਕਤੀ ਜਾਂ ਗਰੁੱਪ ਨੂੰ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਦਰਜ ਕਰਵਾਉਣ ਦੀ ਆਗਿਆ ਦਿੰਦਾ ਹੈ, ਜੇ ਉਹ ਇਹ ਯਕੀਨ ਕਰਦੇ ਹਨ ਕਿ ਉਨ੍ਹਾਂ ਨਾਲ ਵਿਤਕਰਾ ਹੋਇਆ ਹੈ ਜਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਅਤੇ ਜੇ ਉਹ ਸ਼ਿਕਾਇਤ ਕਰਦੇ ਹਨ ਤਾਂ ਉਨ੍ਹਾਂ ਖਿਲਾਫ ਬਦਲੇ ਦੀ ਕੋਈ ਕਾਰਵਾਈ ਕੀਤੇ ਜਾਣ ਤੋਂ ਹਿਫਾਜ਼ਤ ਕਰਦਾ ਹੈ।

## ਉਮਰਵਾਦ ਅਤੇ ਉਮਰ ਕਰਕੇ ਵਿਤਕਰਾ

ਉਮਰਵਾਦ (ਏਜਇਜ਼ਮ) ਵਿਅਕਤੀਆਂ ਜਾਂ ਗਰੁੱਪਾਂ ਦੇ ਖਿਲਾਫ ਉਨ੍ਹਾਂ ਦੀ ਉਮਰ ਕਰਕੇ ਘਸੀ-ਪਿਟੀ ਧਾਰਣਾ ਰੱਖਣਾ ਅਤੇ ਪੱਖਪਾਤ ਕਰਨਾ ਹੈ। ਉਮਰਵਾਦ ਲੋਕਾਂ ਨਾਲ ਨਿੱਜੀ ਤੌਰ ’ਤੇ ਵਿਤਕਰੇ ਦਾ ਕਾਰਨ ਬਣ ਸਕਦਾ ਹੈ ਅਤੇ ਇਸ ਦੇ ਨਾਲ ਨਾਲ ਅਜਿਹੇ ਵਿਤਕਰੇ ਦਾ ਕਾਰਨ ਵੀ ਬਣ ਸਕਦਾ ਹੈ ਜਿਹੜਾ ਸੁਭਾਵਕ ਤੌਰ ’ਤੇ ਯੋਜਨਾਬੱਧ ਬਣ ਸਕਦਾ ਹੈ, ਜਿਵੇਂ ਕਿ ਕੰਮ ਵਾਲੀਆਂ ਥਾਂਵਾਂ, ਸੇਵਾਵਾਂ, ਪ੍ਰੋਗਰਾਮਾਂ ਅਤੇ ਸਹੂਲਤਾਂ ਦੇ ਡਿਜ਼ਾਇਨ ਅਤੇ ਹਰ ਰੋਜ਼ ਦੇ ਕਾਰਜਾਂ ਵਿਚ।

ਉਮਰ ਕਾਰਨ ਵਿਤਕਰੇ ਦਾ ਮਤਲਬ ਹੈ ਕਿਸੇ ਨਾਲ ਉਸ ਦੀ ਉਮਰ ਕਰਕੇ ਵੱਖਰੀ ਤਰ੍ਹਾਂ ਦਾ ਅਤੇ ਮਾੜਾ ਵਰਤਾਉ ਕਰਨਾ, ਜਾਂ ਉਸ ਨੂੰ ਪਰੇਸ਼ਾਨ ਕਰਨਾ ਜਾਂ ਉਸ ਦੀ ਬੇਇਜ਼ਤੀ ਕਰਨਾ। ਵਿਤਕਰਾ ਉਦੋਂ ਵੀ ਹੋ ਸਕਦਾ ਹੈ ਜਦੋਂ ਹਰ ਇਕ ਲਈ ਇਕੋ ਜਿਹੇ ਕਿਸੇ ਨਿਯਮ, ਹਾਲਤ, ਨੀਤੀ ਜਾਂ ਵਿਹਾਰ ਦਾ ਕਿਸੇ ਵਿਅਕਤੀ ਉਪਰ ਉਸ ਦੀ ਉਮਰ ਕਰਕੇ ਨਾਵਾਜਬ ਅਸਰ ਪੈਂਦਾ ਹੈ।

ਕੋਡ 19 ਸਾਲ ਅਤੇ ਜ਼ਿਆਦਾ ਉਮਰ ਦੇ ਲੋਕਾਂ **ਦੀ** ਉਮਰ-ਵਿਤਕਰੇ ਤੋਂ ਰੱਖਿਆ ਕਰਦਾ ਹੈ। ਉਮਰ ਦਾ ਭਾਵ ਕਿਸੇ ਵਿਅਕਤੀ ਦੀ ਅਸਲੀ ਉਮਰ ਹੋ ਸਕਦੀ ਹੈ, ਕਿਸੇ ਖਾਸ ਉਮਰ ਗਰੁੱਪ ਵਿਚ ਉਸ ਦੀ ਮੈਂਬਰਸ਼ਿਪ ਹੋ ਸਕਦੀ ਹੈ ਜਾਂ ਉਮਰ ਬਾਰੇ ਆਮ ਬਿਆਨ ਹੋ ਸਕਦਾ ਹੈ (ਜਿਵੇਂ ਬਹੁਤ ਬੁੱਢਾ ਜਾਂ ਬਹੁਤ ਨਿਆਣਾ)। 19 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀ ਹੋਰ ਰੂਪਾਂ ਦੇ ਵਿਤਕਰੇ ਤੋਂ ਹਿਫਾਜ਼ਤ ਕੀਤੀ ਗਈ ਹੈ, ਜਿਵੇਂ ਕਿ ਕਾਮੁਕ ਛੇੜ-ਛਾੜ ਜਾਂ ਨਸਲ ਜਾਂ ਅਪਾਹਜਤਾ ਨਾਲ ਸੰਬੰਧਿਤ ਵਿਤਕਰੇ ਤੋਂ ਪਰ ਉਮਰ ਦੇ ਵਿਤਕਰੇ ਤੋਂ ਨਹੀਂ।

### ਬੀ.ਸੀ. ਵਿਚ, ਕਿਸੇ ਵਿਅਕਤੀ ਨਾਲ, ਅੱਗੇ ਲਿਖੀਆਂ ਗੱਲਾਂ ਵਿੱਚੋਂ ਕਿਸੇ ਵੀ ਗੱਲ ਕਰਕੇ ਕੋਈ ਵਿਤਕਰਾ ਕਰਨਾ ਜਾਂ ਉਸ ਨੂੰ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ:

- ਨਸਲ;
- ਰੰਗ;
- ਪਿਛੋਕੜ;
- ਜਨਮ ਸਥਾਨ
- ਧਰਮ;
- ਵਿਆਹੁਤਾ ਸਥਿਤੀ;
- ਪਰਿਵਾਰਕ ਸਥਿਤੀ;
- ਸਰੀਰਕ ਜਾਂ ਮਾਨਸਿਕ ਅਪਾਹਜਤਾ;
- ਲਿੰਗ-ਭੇਦ (ਜਿਸ ਵਿਚ ਗਰਭਵਤੀ ਹੋਣਾ, ਬੱਚੇ ਨੂੰ ਦੁੱਧ ਚੁੰਘਾਉਂਦੇ ਹੋਣਾ ਅਤੇ ਕਾਮੁਕ ਪਰੇਸ਼ਾਨੀ ਸ਼ਾਮਲ ਹਨ);
- ਕਾਮੁਕ ਰੁਚੀਆਂ;
- ਉਮਰ (19 ਅਤੇ ਜ਼ਿਆਦਾ);
- ਮੁਜਰਮਾਨਾ ਦੋਸ਼ਾਂ ਕਰਕੇ (ਸਿਰਫ ਰੁਜ਼ਗਾਰ ਵਿਚ);
- ਰਾਜਨੀਤਕ ਵਿਸ਼ਵਾਸਾਂ ਕਰਕੇ (ਸਿਰਫ ਰੁਜ਼ਗਾਰ ਵਿਚ); ਜਾਂ
- ਆਮਦਨ ਦੇ ਕਾਨੂੰਨੀ ਵਸੀਲੇ ਕਰਕੇ (ਸਿਰਫ ਕਿਰਾਏਦਾਰੀ ਵਿਚ)।

### ਕਿੱਥੇ?

ਕੋਡ ਬੀ ਸੀ ਵਿਚਲੇ ਸਾਰੇ ਕਾਰੋਬਾਰਾਂ, ਏਜੰਸੀਆਂ, ਅਤੇ ਸੇਵਾਵਾਂ ’ਤੇ ਲਾਗੂ ਹੁੰਦਾ ਹੈ, ਸਿਵਾਏ ਉਹਨਾਂ ਥਾਂਵਾਂ ’ਤੇ ਜਿਹਨਾਂ ’ਤੇ ਫੈਡਰਲ ਸਰਕਾਰ ਦੇ ਨਿਯਮ ਲਾਗੂ ਹੁੰਦੇ ਹਨ। ਇਹ ਕੋਡ ਲੋਕਾਂ ਦੀ ਜਨਤਕ ਥਾਂਵਾਂ ਵਿਚ ਵਿਤਕਰੇ ਅਤੇ ਪਰੇਸ਼ਾਨੀ ਤੋਂ ਹਿਫਾਜ਼ਤ ਕਰਦਾ ਹੈ, ਜਿਸ ਵਿਚ ਸਕੂਲ, ਕੰਮ ਵਾਲੀਆਂ ਥਾਂਵਾਂ, ਯੂਨੀਵਰਸਿਟੀਆਂ, ਹਸਪਤਾਲ, ਮੈਡੀਕਲ ਕਲੀਨਿਕ, ਸਟੋਰ, ਰੈਸਟੋਰੈਂਟ, ਸੂਬਾਈ ਅਤੇ ਸਥਾਨਕ ਸਰਕਾਰਾਂ ਦੇ ਦਫਤਰ, ਅਤੇ ਬੱਸਾਂ-ਗੱਡੀਆਂ ਦੀਆਂ (ਟਰਾਂਜ਼ਿਟ) ਸੇਵਾਵਾਂ ਸ਼ਾਮਲ ਹਨ। ਇਹ ਕੋਡ ਛਪੀਆਂ ਹੋਈਆਂ ਲਿਖਤਾਂ ਵਿਚ ਵੀ ਲੋਕਾਂ ਦੀ ਵਿਤਕਰੇ ਤੋਂ ਹਿਫਾਜ਼ਤ ਕਰਦਾ ਹੈ ਅਤੇ ਰੁਜ਼ਗਾਰ, ਕਿਰਾਏਦਾਰੀ, ਅਤੇ ਜਾਇਦਾਦ ਦੀ ਖਰੀਦ ਵਰਗੇ ਖੇਤਰਾਂ ਵਿਚ ਵੀ।

## ਕੀ ਮਕਸਦ ਜਾਂ ਇਰਾਦੇ ਦਾ ਮਹੱਤਵ ਹੈ?

ਵਿਤਕਰੇ ਦਾ ਕਾਨੂੰਨ ਦੇ ਖਿਲਾਫ ਹੋਣ ਲਈ ਇਸ ਦਾ ਜਾਣਬੁੱਝ ਕੇ ਕੀਤਾ ਹੋਣਾ ਜ਼ਰੂਰੀ ਨਹੀਂ ਹੈ। ਜੇ ਕਿਸੇ ਕਾਰਵਾਈ ਜਾਂ ਸ਼ਬਦਾਂ ਲਈ ਜ਼ਿੰਮੇਵਾਰ ਵਿਅਕਤੀ ਦਾ ਮਕਸਦ ਕਿਸੇ ਨੂੰ ਦੁੱਖ ਜਾਂ ਨੁਕਸਾਨ ਪਹੁੰਚਾਉਣਾ ਨਹੀਂ ਵੀ ਸੀ ਤਾਂ ਵੀ ਇਹ ਵਿਤਕਰਾ ਹੋ ਸਕਦਾ ਹੈ।

## ਕੋਡ ਅਧੀਨ ਮਨਾਹੀ ਵਾਲੀਆਂ ਸਰਗਰਮੀਆਂ

### ਰੁਜ਼ਗਾਰ

ਕੋਈ ਵੀ ਕੰਮ-ਮਾਲਕ, ਉਮਰ (19 ਸਾਲ ਅਤੇ ਜ਼ਿਆਦਾ) ਕਾਰਨ ਕਿਸੇ ਦੀ ਇੰਟਰਵਿਊ ਕਰਨ, ਉਸ ਨੂੰ ਕੰਮ 'ਤੇ ਰੱਖਣ, ਉਸ ਨੂੰ ਤਰੱਕੀ ਦੇਣ ਤੋਂ ਨਾਂਹ ਨਹੀਂ ਕਰ ਸਕਦਾ ਜਾਂ ਕਿਸੇ ਮੁਲਾਜ਼ਮ ਨੂੰ ਕੰਮ ਤੋਂ ਹਟਾਉਣ ਦਾ ਫੈਸਲਾ ਨਹੀਂ ਕਰ ਸਕਦਾ।

ਕੋਈ ਵੀ ਕੰਮ-ਮਾਲਕ ਮੁਲਾਜ਼ਮ ਕੰਮ 'ਤੇ ਰੱਖਣ ਵੇਲੇ ਉਮਰ ਨੂੰ ਮਸਲਾ ਨਹੀਂ ਬਣਾ ਸਕਦਾ ਜਾਂ ਕਿਸੇ ਖਾਸ ਉਮਰ ਲਈ ਇਸ਼ਤਿਹਾਰ ਨਹੀਂ ਦੇ ਸਕਦਾ। ਕੋਈ ਵੀ ਐਡ ਇਹ ਨਹੀਂ ਕਹਿ ਸਕਦੀ ਕਿ "ਸਿਰਫ ਪ੍ਰੌੜ੍ਹ ਉਮਰ ਦੇ ਲੋਕਾਂ ਨੂੰ ਅਪਲਾਈ ਕਰਨ ਦੀ ਲੋੜ ਹੈ" ਜਾਂ "ਜਵਾਨ ਲੋਕਾਂ ਦੀ ਲੋੜ ਹੈ"। ਕੋਈ ਕੰਮ-ਮਾਲਕ ਇਸ ਕਰਕੇ ਜ਼ਿਆਦਾ ਉਮਰ ਦੇ ਅਰਜ਼ੀਕਰਤਾ ਨੂੰ ਨਾਂਹ ਨਹੀਂ ਕਰ ਸਕਦਾ ਕਿ "ਇਸ ਕੰਮ ਲਈ ਬਹੁਤ ਸਾਰੀ ਤਾਕਤ ਅਤੇ ਉਤਸ਼ਾਹ ਦੀ ਲੋੜ ਹੈ ਅਤੇ ਕੰਪਨੀ ਤਰੱਕੀ ਕਰਨ ਵਾਲਾ ਵਿਅਕਤੀ ਲੱਭ ਰਹੀ ਹੈ।"

ਕੰਮ 'ਤੇ ਰੱਖਣ ਵੇਲੇ, ਕੰਮ-ਮਾਲਕ ਕਿਸੇ ਨੂੰ ਇਹ ਪੁੱਛ ਸਕਦਾ ਹੈ ਕਿ ਕੀ ਉਨ੍ਹਾਂ ਦੀ ਉਮਰ ਕਾਨੂੰਨ ਮੁਤਾਬਕ ਕੰਮ ਕਰਨ ਵਾਲੀ ਹੈ, ਪਰ ਉਹ ਕਿਸੇ ਨੂੰ ਆਪਣੀ ਉਮਰ ਦੱਸਣ ਲਈ ਨਹੀਂ ਕਹਿ ਸਕਦਾ। ਕੰਮ 'ਤੇ ਰੱਖੇ ਜਾਣ ਤੋਂ ਬਾਅਦ, ਕੰਮ-ਮਾਲਕ ਨੂੰ, ਪੈਨਸ਼ਨ ਲਈ ਨਾਂ ਦਰਜ ਕਰਨ ਜਾਂ ਬੈਨੇਫਿਟ ਪਲੈਨ ਵਰਗੇ ਕਿਸੇ ਮੰਤਵ ਲਈ ਜਾਇਜ਼ ਤੌਰ 'ਤੇ ਮੁਲਾਜ਼ਮ ਦੀ ਉਮਰ ਜਾਣਨ ਦੀ ਲੋੜ ਹੋ ਸਕਦੀ ਹੈ।

1 ਜਨਵਰੀ, 2008 ਤੋਂ ਬ੍ਰਿਟਿਸ਼ ਕੋਲੰਬੀਆ ਵਿਚ ਲਾਜ਼ਮੀ ਰਿਟਾਇਰਮੈਂਟ ਦੀ ਆਗਿਆ ਨਹੀਂ ਹੈ (ਕੁਝ ਛੋਟਾਂ ਹਨ)। ਇਹ ਚੋਣ ਮੁਲਾਜ਼ਮ ਨੇ ਕਰਨੀ ਹੈ ਕਿ ਉਸ ਨੇ ਕਦੋਂ ਰਿਟਾਇਰ ਹੋਣਾ ਹੈ। ਰਿਟਾਇਰ ਹੋਣ ਲਈ ਉਤਸ਼ਾਹ ਦੇਣ ਲਈ ਸਾਰੇ ਮੁਲਾਜ਼ਮਾਂ ਨੂੰ ਅਗੇਤੀ ਰਿਟਾਇਰਮੈਂਟ ਦੇ ਫਾਇਦੇ ਪੇਸ਼ ਕੀਤੇ ਜਾ ਸਕਦੇ ਹਨ ਪਰ ਕਿਸੇ ਮੁਲਾਜ਼ਮ ਨੂੰ ਰਿਟਾਇਰ ਹੋਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਰੁਜ਼ਗਾਰ ਦੀਆਂ ਉਹ ਹਾਲਤਾਂ ਜਿਨ੍ਹਾਂ ਵਿਚ ਉਮਰ ਦੇ ਵਖਰੇਂਵਿਆਂ ਦੀ ਆਗਿਆ ਹੈ:

### ਉਮਰ ਦੀਆਂ ਹੱਦਾਂ ਵਾਲੀਆਂ ਜੌਬਾਂ

ਕੁਝ ਜੌਬਾਂ ਅਜਿਹੀਆਂ ਹੋ ਸਕਦੀਆਂ ਹਨ ਜਿਨ੍ਹਾਂ 'ਤੇ ਕੰਮ ਦੇ ਫਰਜ਼ਾਂ ਜਾਂ ਲੋੜਾਂ ਕਾਰਨ ਜਾਂ ਸੁਰੱਖਿਆ ਦੇ ਮਸਲਿਆਂ ਜਾਂ ਖਤਰਿਆਂ ਕਾਰਨ ਉਮਰ ਦੀ ਹੱਦ ਲਾਗੂ ਹੋ ਸਕਦੀ ਹੈ। ਕੰਮ ਦੀਆਂ ਇਨ੍ਹ ਅਸਲੀ ਮੰਗਾਂ ਨੂੰ ਕਿੱਤੇ ਦੀਆਂ ਅਸਲੀ ਸ਼ਰਤਾਂ ਆਖਿਆ ਜਾਂਦਾ ਹੈ। ਕੰਮ-ਮਾਲਕ ਨੂੰ ਇਹ ਜ਼ਰੂਰ ਦਿਖਾਉਣਾ ਪਵੇਗਾ ਕਿ ਉਮਰ ਦੀਆਂ ਹੱਦਾਂ ਦੇ ਕਾਰਨ ਹਿਊਮਨ ਰਾਈਟਸ ਕੋਡ ਅਧੀਨ ਪ੍ਰਵਾਨਯੋਗ ਹਨ।

### ਪੈਨਸ਼ਨ ਅਤੇ ਇਨਸ਼ੋਰੈਂਸ ਬੈਨੇਫਿਟ

ਪੈਨਸ਼ਨ ਪਲੈਨਾਂ ਉਮਰ ਦੇ ਆਧਾਰ 'ਤੇ ਵੱਖਰੀਆਂ ਹੋ ਸਕਦੀਆਂ ਹਨ। ਉਹ ਰਿਟਾਇਰਮੈਂਟ ਦੀ ਅਗੇਤੀ ਅਤੇ ਆਮ ਉਮਰ ਤਹਿ ਕਰ ਸਕਦੀਆਂ ਹਨ, ਪਰ ਕਿਸੇ ਮੁਲਾਜ਼ਮ ਨੂੰ ਰਿਟਾਇਰ ਹੋਣ ਲਈ ਮਜ਼ਬੂਰ ਨਹੀਂ ਕਰ ਸਕਦੀਆਂ। ਉਮਰਾਂ ਦੀਆਂ ਇਹ ਹੱਦਾਂ ਪ੍ਰੋਗਰਾਮਾਂ ਨੂੰ ਚਾਲੂ ਰੱਖਦੀਆਂ ਹਨ। ਕੰਮ-ਮਾਲਕਾਂ ਦੇ ਫੰਡਾਂ ਨਾਲ ਦਿੱਤੀਆਂ ਜਾਣ ਵਾਲੀਆਂ ਜਾਂ ਕਿਸੇ ਤੀਜੀ ਧਿਰ ਵਲੋਂ ਦਿੱਤੀਆਂ ਜਾਣ ਵਾਲੀਆਂ ਗਰੁੱਪ ਜਾਂ ਇਮਪਲੋਈ ਇਨਸ਼ੋਰੈਂਸ ਪਲੈਨਾਂ ਉਮਰ ਦੇ ਆਧਾਰ 'ਤੇ ਵੱਖਰੀਆਂ ਹੋ ਸਕਦੀਆਂ ਹਨ। ਇਕ ਵਾਰ ਫਿਰ, ਉਮਰਾਂ ਦੀਆਂ ਇਹ ਹੱਦਾਂ ਪ੍ਰੋਗਰਾਮਾਂ ਨੂੰ ਚਾਲੂ ਰੱਖਦੀਆਂ ਹਨ।

ਵਰਕਰਜ਼ ਕੰਪਨਸੇਸ਼ਨ ਬੈਨੇਫਿਟ ਅਤੇ ਉਮਰ ਦੇ ਸਬੰਧ ਵਿਚ ਵਰਕਸੇਫ ਬੀ ਸੀ ਬੈਨੇਫਿਟਾਂ ਬਾਰੇ ਆਪਣੇ ਨਿਯਮ ਆਪ ਬਣਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲੈਣ ਲਈ www.worksafebc.com/ ਵੈੱਬਸਾਈਟ ਦੇਖੋ।

### ਕਿਰਾਏਦਾਰੀ

ਆਮ ਤੌਰ 'ਤੇ, ਮਕਾਨ-ਮਾਲਕ, ਕਿਸੇ ਦੀ ਉਮਰ ਕਰਕੇ ਕੋਈ ਥਾਂ ਕਿਰਾਏ 'ਤੇ ਦੇਣ ਤੋਂ ਨਾਂਹ ਨਹੀਂ ਕਰ ਸਕਦੇ। ਮਕਾਨ-ਮਾਲਕ ਕਿਸੇ ਦੀ ਉਮਰ ਕਰਕੇ ਕਿਰਾਏਦਾਰਾਂ ਤੋਂ ਮਕਾਨ ਖਾਲੀ ਨਹੀਂ ਕਰਵਾ ਸਕਦੇ ਜਾਂ ਕਿਰਾਏਦਾਰੀ ਦੇ ਇਕਰਾਰਨਾਮੇ ਵਿਚ ਉਮਰ ਨੂੰ ਸ਼ਰਤ ਜਾਂ ਕਿਸੇ ਕੰਡੀਸ਼ਨ ਵਜੋਂ ਨਹੀਂ ਵਰਤ ਸਕਦੇ। ਆਪਣੀ ਉਮਰ ਦੇ ਵੀਹਵਿਆਂ ਵਿਚਲੇ ਕਿਸੇ ਵਿਅਕਤੀ ਨੂੰ ਅਪਾਰਟਮੈਂਟ ਕਿਰਾਏ ਤੋਂ ਦੇਣ ਤੋਂ ਨਾਂਹ ਕਰਨਾ ਵਿਤਕਰਾ ਹੈ, ਉਦਾਹਰਣ ਲਈ, ਇਸ ਘਸੀ-ਪਿਟੀ ਧਾਰਣਾ ਕਰਕੇ ਕਿ ਜਵਾਨ ਲੋਕਾਂ ਖਰੂਦੀ ਹੁੰਦੇ ਹਨ।

ਕਿਰਾਏਦਾਰੀ ਦੀਆਂ ਉਹ ਹਾਲਤਾਂ ਜਿਨ੍ਹਾਂ ਵਿਚ ਉਮਰ ਦੇ ਵਖਰੇਂਵਿਆਂ ਦੀ ਆਗਿਆ ਹੈ:

- ਕੁਝ ਛੋਟਾਂ ਨਾਲ, ਮਕਾਨ-ਮਾਲਕ ਬਜ਼ੁਰਗਾਂ ਲਈ ਬਣੀਆਂ ਇਮਾਰਤਾਂ ਸਿਰਫ 55 ਸਾਲ ਅਤੇ ਜ਼ਿਆਦਾ ਉਮਰ ਦੇ ਲੋਕਾਂ ਲਈ ਸੀਮਤ ਕਰ ਸਕਦੇ ਹਨ।
- ਮਕਾਨ-ਮਾਲਕ ਕਿਰਾਏ ਵਾਲੇ ਕਿਸੇ ਉਸ ਯੂਨਿਟ ਜਾਂ ਘਰ ਵਿਚ ਕਿਰਾਏਦਾਰੀ ਦੀ ਬੰਦਸ਼ ਲਾ ਸਕਦੇ ਹਨ ਜਿੱਥੇ ਕਿਰਾਏਦਾਰ ਨੇ ਸੌਣ ਵਾਲੀ ਥਾਂ, ਬਾਥਰੂਮ ਜਾਂ ਰਸੋਈ ਮਕਾਨ-ਮਾਲਕ ਨਾਲ ਸਾਂਝੀ ਕਰਨੀ ਹੈ।

ਨੋਟ: ਕੋਡ ਘਰ ਖਰੀਦਣ ਸਮੇਂ ਉਮਰ ਦੇ ਵਿਤਕਰੇ ਤੋਂ ਹਿਫਾਜ਼ਤ ਨਹੀਂ ਕਰਦਾ।

### ਲਿਖਤਾਂ

ਜੇ ਕੋਈ ਲਿਖਤ ਕਿਸੇ ਵਿਅਕਤੀ ਜਾਂ ਲੋਕਾਂ ਦੇ ਗਰੁੱਪ ਖਿਲਾਫ ਉਨ੍ਹਾਂ ਦੀ ਉਮਰ (19 ਸਾਲ ਅਤੇ ਉੱਪਰ) ਕਰਕੇ ਵਿਤਕਰਾ ਕਰਦੀ ਹੋਵੇ ਤਾਂ ਕੋਈ ਵਿਅਕਤੀ ਉਹ ਲਿਖਤ ਛਾਪ, ਦਿਖਾ ਜਾਂ ਜਾਰੀ ਨਹੀਂ ਕਰ ਸਕਦਾ।

### ਰਿਹਾਇਸ਼, ਸਰਵਿਸ ਅਤੇ ਸਹੂਲਤ

ਕੋਈ ਵਿਅਕਤੀ ਜਾਂ ਕਾਰੋਬਾਰ ਜਿਹੜਾ ਕਿ ਲੋਕਾਂ ਨੂੰ ਸੇਵਾਵਾਂ ਦਿੰਦਾ ਹੈ, ਅੱਗੇ ਲਿਖੀਆਂ ਚੀਜ਼ਾਂ ਪ੍ਰਦਾਨ ਕਰਨ ਵੇਲੇ ਕਿਸੇ ਨਾਲ ਉਸ ਦੀ ਉਮਰ (19 ਸਾਲ ਅਤੇ ਜ਼ਿਆਦਾ) ਕਰਕੇ ਵਿਤਕਰਾ ਨਹੀਂ ਕਰ ਸਕਦਾ:

- ਥੋੜ੍ਹੇ ਸਮੇਂ ਦੀ ਰਿਹਾਇਸ਼ ਦੇਣ ਵੇਲੇ, ਜਿਵੇਂ ਕਿ ਹੋਟਲ ਦਾ ਕਮਰਾ;
- ਜਨਤਕ ਸੇਵਾਵਾਂ ਜਿਵੇਂ ਕਿ ਸਿਹਤ-ਸੰਭਾਲ, ਰੈਸਟੋਰੈਂਟ ਜਾਂ ਪ੍ਰਚੂਨ ਵੇਚਣ ਦੀਆਂ ਸੇਵਾਵਾਂ, ਸਰਕਾਰੀ ਸੇਵਾਵਾਂ ਜਾਂ ਬੱਸਾਂ-ਗੱਡੀਆਂ ਦੀਆਂ ਸੇਵਾਵਾਂ ਦੇਣ ਵੇਲੇ; ਅਤੇ
- ਹੋਰ ਜਨਤਕ ਥਾਂਵਾਂ ਜਿਵੇਂ ਕਿ ਮਨੋਰੰਜਨ ਸੈਂਟਰਾਂ ਵਿੱਚ।

ਉਦਾਹਰਣ ਲਈ, 20 ਸਾਲਾਂ ਦੀ ਉਮਰ ਦੇ ਇਕ ਗਰੁੱਪ ਕੋਲੋਂ ਕੈਂਪਗਰਾਊਂਡ

ਵਿਖੇ 100 ਡਾਲਰ ਡੈਮੇਜ ਡਿਪਾਜ਼ਿਟ ਲੈਣਾ ਉਦੋਂ ਵਿਤਕਰਾ ਹੋਵੇਗਾ ਜਦ ਜ਼ਿਆਦਾ ਉਮਰ ਦੇ ਜੋੜੇ ਤੋਂ ਇਸ ਦੀ ਮੰਗ ਨਹੀਂ ਕੀਤੀ ਗਈ। ਇਸ ਤਰ੍ਹਾਂ ਕਿਸੇ ਡਾਕਟਰ ਦਾ ਦਫਤਰ ਕਿਸੇ ਮਰੀਜ਼ ਨੂੰ ਲੈਣ ਤੋਂ ਇਸ ਕਰਕੇ ਨਾਂਹ ਨਹੀਂ ਕਰ ਸਕਦਾ ਕਿਉਂਕਿ ਉਸ ਦੀ ਉਮਰ ਕਰਕੇ ਬਹੁਤ ਸਾਰਾ ਸਮਾਂ ਲੱਗ ਸਕਦਾ ਹੈ।

ਜੇ ਉਮਰ 'ਤੇ ਆਧਾਰਿਤ ਫਰਕਾਂ ਲਈ ਚੰਗੇ ਕਾਰਨ ਹਨ (ਜਿਸ ਨੂੰ ਅਸਲੀ ਮੰਗਾਂ ਅਤੇ ਵਾਜਬ ਦਲੀਲਾਂ ਆਖਿਆ ਜਾਂਦਾ ਹੈ) ਤਾਂ ਨੀਤੀ ਜਾਂ ਵਿਹਾਰ ਵਿਚਲੇ ਫਰਕਾਂ ਨੂੰ ਸਪਸ਼ਟ ਕਰਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਪਰ ਹਿਊਮਨ ਰਾਈਟਸ ਟ੍ਰਿਬਿਊਨਲ ਇਨ੍ਹਾਂ ਕਾਰਨਾਂ ਨੂੰ ਸ਼ਾਇਦ ਚੰਗੀ ਸਫਾਈ ਨਾ ਮੰਨੇ, ਜੇ ਨੀਤੀ ਜਾਂ ਵਿਹਾਰ ਸਰਵਿਸ ਦੇਣ ਵਾਲੇ ਨੂੰ ਕੋਈ ਬਹੁਤੀ ਤੰਗੀ ਦਿੱਤੇ ਬਿਨਾਂ ਬਦਲੇ ਜਾ ਸਕਦੇ ਹੋਣ (ਹੱਕਾਂ ਅਤੇ ਜ਼ਿੰਮੇਵਾਰੀਆਂ ਵਾਲਾ ਭਾਗ ਦੇਖੋ)।

## ਹੱਕ ਅਤੇ ਜ਼ਿੰਮੇਵਾਰੀਆਂ

ਵਿਵਸਥਾ ਕਰਨ ਦੇ ਫਰਜ਼ ਦਾ ਮਤਲਬ ਕਿਸੇ ਵਿਅਕਤੀ ਦੀ ਉਮਰ ਕਰਕੇ ਉਸ ਦੀਆਂ ਖਾਸ ਲੋੜਾਂ ਪੂਰੀਆਂ ਕਰਨ ਲਈ ਕਿਸੇ ਨੀਤੀ, ਵਿਹਾਰ ਜਾਂ ਸਰਵਿਸ ਨੂੰ ਸੂਤ ਕਰਨ ਦਾ ਕਾਨੂੰਨੀ ਫਰਜ਼ ਹੈ। ਖਾਸ ਲੋੜਾਂ ਪੂਰੀਆਂ ਕਰਨ ਲਈ, ਮਕਾਨ-ਮਾਲਕਾਂ, ਸਰਵਿਸ ਦੇਣ ਵਾਲਿਆਂ ਅਤੇ ਕੰਮ-ਮਾਲਕਾਂ ਲਈ ਉਨ੍ਹਾਂ ਮਿਆਰਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜਿਹੜੇ ਹੋਰ ਸੁਰੱਖਿਅਤ ਗਰੁੱਪਾਂ ਲਈ ਲਾਗੂ ਹੁੰਦੇ ਹਨ। ਉਦਾਹਰਣ ਲਈ, ਕਿਸੇ ਬਜ਼ੁਰਗ ਵਿਅਕਤੀ ਦੀਆਂ ਖਾਸ ਲੋੜਾਂ ਇਹ ਮੰਗ ਕਰ ਸਕਦੀਆਂ ਹਨ ਕਿ ਕੰਮ ਕਰਨ ਦੇ ਆਮ ਢੰਗ ਵਿਚ ਤਬਦੀਲੀਆਂ ਕੀਤੀਆਂ ਜਾਣ।

ਕਿਸੇ ਖਾਸ ਲੋੜ ਨੂੰ ਪੂਰਾ ਕਰਨ ਲਈ ਜਦੋਂ ਦੋਨੋਂ ਧਿਰਾਂ ਰਲ ਕੇ ਕੰਮ ਕਰਦੀਆਂ ਹਨ ਤਾਂ ਅਕਸਰ ਵਾਜਬ ਅਤੇ ਅਮਲੀ ਪ੍ਰਬੰਧ ਹੋ ਜਾਂਦੇ ਹਨ।

ਉਨ੍ਹਾਂ ਦੀਆਂ ਲੋੜਾਂ ਲਈ ਚੁੱਕੇ ਕਦਮ ਜੇ ਕੋਈ ਨਾਵਾਜਬ ਤੰਗੀ ਦਾ ਕਾਰਨ ਨਹੀਂ ਬਣਦੇ ਤਾਂ ਕਿਸੇ ਬਜ਼ੁਰਗ ਵਿਅਕਤੀ ਦੀਆਂ ਖਾਸ ਲੋੜਾਂ ਪੂਰੀਆਂ ਕਰਨ ਲਈ ਵਾਜਬ ਕਦਮ ਨਾ ਚੁੱਕਣਾ ਵਿਤਕਰਾ ਹੋ ਸਕਦਾ ਹੈ।

ਕਿਸੇ ਦੀਆਂ ਲੋੜਾਂ ਪੂਰੀਆਂ ਕਰਨ ਲਈ, ਕਿਸੇ ਕੰਮ-ਮਾਲਕ, ਮਕਾਨ-ਮਾਲਕ ਜਾਂ ਸਰਵਿਸ ਦੇਣ ਵਾਲੇ ਨੂੰ ਕੁਝ ਖਰਚਾ ਝੱਲਣਾ ਪੈ ਸਕਦਾ ਹੈ, ਜਾਂ ਉਸ ਨੂੰ ਕੁਝ ਤਕਲੀਫ ਹੋ ਸਕਦੀ ਹੈ ਜਾਂ ਵਿਘਨ ਪੈ ਸਕਦਾ ਹੈ। ਕਾਨੂੰਨ ਇਹ ਮੰਗ ਨਹੀਂ ਕਰਦਾ ਕਿ ਇਹ ਕਾਰਜ ਕਰਦੇ ਹੋਏ ਉਨ੍ਹਾਂ ਨੂੰ ਨਾਵਾਜਬ ਤੰਗੀ ਸਹਿਣੀ ਪਵੇ। ਭਾਵੇਂ ਕਿ ਹਰ ਹਾਲਤ ਵੱਖਰੀ ਹੁੰਦੀ ਹੈ, ਫਿਰ ਵੀ ਇਹ ਵਿਚਾਰਨ ਲਈ ਕਿ ਕੀ ਨਾਵਾਜਬ ਤੰਗੀ ਹੋ ਰਹੀ ਹੈ ਕੁਝ ਆਮ ਪੱਖ ਇਸ ਪ੍ਰਕਾਰ ਹਨ:

- ਖਰਚਾ;
- ਕਾਰੋਬਾਰ, ਕੰਮ ਦੀ ਥਾਂ ਜਾਂ ਸਥਾਨ ਦਾ ਆਕਾਰ ਅਤੇ ਲਚਕਸ਼ੀਲਤਾ;
- ਆਰਥਿਕ ਹਾਲਤ;
- ਲੋੜੀਂਦੀਆਂ ਤਬਦੀਲੀਆਂ ਦੀ ਕਿਸਮ; ਅਤੇ
- ਹਰ ਇਕ ਸ਼ਾਮਲ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ 'ਤੇ ਅਸਰ।

## ਉਮਰ ਕਾਰਨ ਹੋਣ ਵਾਲੇ ਵਿਤਕਰੇ ਨਾਲ ਸਿੱਝਣਾ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਤੁਹਾਡੀ ਉਮਰ ਕਰਕੇ ਵਿਤਕਰਾ ਹੋ ਰਿਹਾ ਹੈ ਜਾਂ ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਤਾਂ:

- ਜੇ ਅਜਿਹਾ ਕਰਨਾ ਸੁਰੱਖਿਅਤ ਹੋਵੇ ਤਾਂ ਉਸ ਵਿਅਕਤੀ ਨੂੰ ਦ੍ਰਿੜ੍ਹਤਾ ਨਾਲ ਇਹ ਦੱਸੋ ਕਿ ਉਸ ਦੀਆਂ ਹਰਕਤਾਂ ਜਾਂ ਟਿੱਪਣੀਆਂ ਪ੍ਰਵਾਨਯੋਗ ਨਹੀਂ ਹਨ ਅਤੇ ਉਹ ਅਜਿਹਾ ਕਰਨਾ ਬੰਦ ਕਰੇ। ਜੇ ਤੁਹਾਨੂੰ ਇਹ ਕਹਿਣਾ ਔਖਾ ਲੱਗੇ ਤਾਂ ਕਿਸੇ ਦੋਸਤ ਦੀ ਮਦਦ ਲੈਣ ਬਾਰੇ ਵਿਚਾਰ ਕਰੋ।
- ਇਹ ਲਿਖ ਲਵੋ ਕਿ ਕੀ ਹੋਇਆ ਸੀ ਅਤੇ ਕਦੋਂ ਹੋਇਆ ਸੀ, ਅਤੇ ਕੀ ਕਿਹਾ ਗਿਆ ਸੀ।
- ਜੇ ਅਜਿਹਾ ਤੁਹਾਡੀ ਅਪਾਰਟਮੈਂਟ ਬਿਲਡਿੰਗ ਵਿਚ, ਕਿਸੇ ਸਟੋਰ ਜਾਂ ਰੈਸਟੋਰੈਂਟ ਜਾਂ ਕੰਮ 'ਤੇ ਹੋਇਆ ਹੈ ਤਾਂ ਆਪਣੇ ਮਕਾਨ-ਮਾਲਕ, ਮੈਨੇਜਰ ਜਾਂ ਸੁਪਰਵਾਈਜ਼ਰ ਨੂੰ ਕਹੋ ਕਿ ਉਹ ਇਹਦੇ ਬਾਰੇ ਕੁਝ ਕਰੇ।
- ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਮਨੁੱਖੀ ਅਧਿਕਾਰਾਂ ਦੀ ਸ਼ਿਕਾਇਤ ਦਰਜ ਕਰਵਾਉ।

## ਸ਼ਿਕਾਇਤਾਂ ਵਿਚ ਮਦਦ

ਆਮ ਤੌਰ 'ਤੇ ਕਥਿਤ ਵਿਤਕਰਾ ਜਾਂ ਪਰੇਸ਼ਾਨ ਕਰਨ ਦੀ ਘਟਨਾ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਸ਼ਿਕਾਇਤ ਕੀਤੀ ਜਾਣੀ ਜ਼ਰੂਰੀ ਹੈ। ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜੋ ਕਿ ਅਦਾਲਤੀ ਕਾਰਵਾਈ ਵਰਗੀ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਜਾਂ ਸ਼ਿਕਾਇਤ ਦਾ ਜਵਾਬ ਦੇਣ ਲਈ ਮਦਦ ਮੌਜੂਦ ਹੈ। ਸਰਕਾਰੀ ਫੰਡਾਂ ਨਾਲ ਚੱਲਣ ਵਾਲਾ ਲੀਗਲ ਕਲੀਨਿਕ ਬੀ.ਸੀ. ਵਿਚ ਰਹਿੰਦੇ ਕਿਸੇ ਵੀ ਯੋਗ ਵਿਅਕਤੀ ਦੀ ਮੁਫਤ ਮਦਦ ਕਰਦਾ ਹੈ, ਜਿਸ ਵਿੱਚ ਕਾਨੂੰਨੀ ਪ੍ਰਤੀਨਿਧਤਾ ਕਰਨਾ ਵੀ ਸ਼ਾਮਲ ਹੈ। (ਸੰਪਰਕ ਦੇਖੋ)।

## ਸੰਪਰਕ

**ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ**
**B.C. Human Rights Tribunal**
Suite 1170 605 Robson St.
Vancouver, BC V6B 5J3
ਫੋਨ: 604 775-2000
ਟੋਲ-ਫ੍ਰੀ (ਬੀ.ਸੀ. ਵਿਚ): 1 888 440-8844
ਟੀ ਟੀ ਵਾਈ:604 775-2021
ਵੈੱਬ: www.bchrt.gov.bc.ca

**ਬੀ.ਸੀ. ਹਿਊਮਨ ਰਾਈਟਸ ਕਲੀਨਿਕ**

**B.C. Human Rights Clinic**

*ਸੂਬੇ ਦੇ ਹਰ ਹਿੱਸੇ ਵਿਚਲੇ ਸ਼ਿਕਾਇਤਕਰਤਾ ਲਈ:*

BC Human Rights Coalition
Suite 1202 510 West Hastings St.
Vancouver, BC V6B 1L8
ਫੋਨ: 604 689-8474
ਟੋਲ-ਫ੍ਰੀ 1 877 689-8474
ਵੈੱਬ: www.bchrcoalition.org

*ਸੂਬੇ ਦੇ ਹਰ ਹਿੱਸੇ ਵਿਚਲੇ ਉੱਤਰਦਾਇਕ ਲਈ ਅਤੇ ਵਿਕਟੋਰੀਆ ਦੇ ਇਲਾਕੇ ਵਿਚ ਸ਼ਿਕਾਇਤਕਰਤਾ ਲਈ:*

University of Victoria Law Centre
Third Floor 1221 Broad St.
Victoria, BC V8W 2A4
ਫੋਨ: 250 385-1221
ਟੋਲ-ਫ੍ਰੀ: 1 866 385-1221
ਈ-ਮੇਲ: reception@thelawcentre.ca

**ਮਨਿਸਟਰੀ ਆਫ਼ ਅਟੌਰਨੀ ਜਨਰਲ**

**Ministry of Attorney General**

Strategic Planning and Legislation Office
11th Floor 1001 Douglas St.
PO BOX 9286 STN PROV GOVT
Victoria, BC V8W 9J7
ਫੋਨ: 250 356-9666
ਟੀ ਟੀ ਵਾਈ: ਕਿਰਪਾ ਕਰਕੇ ਇਨਕੁਆਰੀ ਬੀ ਸੀ ਨੂੰ
ਫੋਨ ਕਰੋ: 1 800 661-8773
ਵੈੱਬ: www.ag.gov.bc.ca/human-rights-protection